1662.9G

16628-G

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

93
ਪ
166229

੧ ਓ ਸਤਿਗੁਰ ਪ੍ਰਸਾਦਿ ॥

# ਗੁਰਿਆਈ

ਦਾ

# ਸਿੱਧਾਂਤ ਤੇ ਸਿਲਸਿਲਾ

BOOK
LANGUAGE

ਸਰਦੂਲ ਸਿਘ 'ਗਾਂਧੀ'

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

DEPARTMENT OF LANG...
BOOK 166...
PUN... ...ATI...

੧ ੳ ਸਤਿਗੁਰਪ੍ਰਸਾਦਿ ॥

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥

[ਸੋਰਠਿ ਕਬੀਰ ਜੀ

ਗੁਰੂ ਘਰ ਵਿਚ

# ਗੁਰਿਆਈ

ਦਾ

# ਸਿੱਧਾਂਤ ਤੇ ਸਿਲਸਿਲਾ

ਲੇਖਕ ਤੇ ਪ੍ਰਕਾਸ਼ਕ

## ਸਰਦੂਲ ਸਿੰਘ 'ਗਾਂਧੀ'

ਪਹਿਲੀ ਵਾਰ ੧੦੦੦ ਮੋਖ ।=)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਤਤਕਰਾ


## ਅਧਯਾਇ ਪਹਿਲਾ

## ਗੁਰੂ ਸਿੱਧਾਂਤ

ਸਤਿਗੁਰੂ ਲੱਛਨ
(ੳ) ਸਤਿਗੁਰੂ ਤੇ ਨਾਮੁ ੧
(ਅ) ਸਤਿਗੁਰੂ ਤੇ ਸਤਿਪੁਰਖੁ ੨
(ੲ) ਸਤਿਗੁਰੁ ਤੇ ਸਿਖ ੩
ਗੁਰੂ ਮਹਿਮਾ ੩
ਗੁਰੁ ਕੁੰਜੀ ੩
ਗੁਰੁ ਬੋਲੀ ੪
ਗੁਰੁ ਬੋਹਿਥੁ ੪
ਗੁਰੁ ਪਾਂਧਾ ੪
ਗੁਰੁ ਦੀਪਕ ੪
ਗੁਰੁ ਵੈਦ ੫
ਗੁਰੁ ਪੀਲਕੁ ੫
ਗੁਰੁ ਬੋਹਲੁ ੫
ਗੁਰੁ ਪਉੜੀ ੫
ਗੁਰੁ ਪਰਮੇਸਰੁ ੫
ਗੁਰੁ ਦਯੁ ੫
ਗੁਰੁ ਤੀਰਥੁ ੬
ਗੁਰੁ ਮਾਨ ਸਰੋਵਰੁ ੬
ਗੁਰੁ ਸਾਗਰੁ ੬
ਗੁਰੁ ਖੇਵਟੁ ੬
ਗੁਰੁ ਪਾਰਸੁ ੬
ਗੁਰ ਗਾਂਧੀ ੬
ਗੁਰੁ ਸਤਸਰੁ ੭
ਗੁਰੁ ਪਾਰਜਾਤੁ ੭
ਗੁਰੂ ਧਾਰਨ ਦੇ ਲਾਭ ੮
ਨਾਮ ੧੦
ਨਾਮ ਰੰਗ ੧੧
ਗੁਣ ੧੧
ਪ੍ਰੇਮ ੧੧
ਪ੍ਰੀਤੀ ੧੧
ਪਰਤੀਤ ੧੨
ਭਗਤੀ ੧੨
ਗਿਆਨ ੧੩
ਮੁਕਤੀ ੧੪
ਉਧਾਰ ੧੬
ਤਰਨਾ ੧੬
ਸਹਜੁ ੧੬
ਮਹਲੁ ੧੭
ਸ਼ਾਂਤੀ ੧੭
ਨਿਗੁਰੇ ਰਹਿਣ ਦੇ ਨੁਕਸਾਨ ੧੮


Digitized by Panjab Digital Library | www.panjabdigilib.org

## ਅਧਯਾਇ ਦੂਜਾ

## ਅਕਾਲ ਗੁਰੂ ੨੨
ਇਕ ਸਾਂਝ ੨੪
ਗੁਪਤ ੨੪

## ਅਧਯਾਇ ਤੀਜਾ

## ਗੁਰ ਅਵਤਾਰ ੨੭
ਸ੍ਰੀਗੁਰ ਨਾਨਕ ਦੇਵ ਜੀ ੨੭
ਅਕਾਲ ਗੁਰੂ ਤੇ ਗੁਰ-ਅਵਤਾਰ ਅਭੇਦਤਾ ੨੮
ਨਾਦੀ ਸੰਤਾਨ ਗੁਰੂ ੨੯
ਸ੍ਰੀ ਗੁਰੂ ਅੰਗਦ ਦੇਵ ਜੀ ੨੯
ਸ੍ਰੀ ਗੁਰੂ ਅਮਰਦਾਸ ਜੀ ੩੨
ਸ੍ਰੀ ਗੁਰੂ ਰਾਮਦਾਸ ਜੀ ੩੩
ਨਾਦੀ ਸੰਤਾਨ ਗੁਰੂ ਅਭੇਦਤਾ ੩੬
ਚਹੁ ਪੀੜੀ ਬਖੀਲੀ ੩੬
ਗੁਰ ਚਉਥੀ ਪੀੜ੍ਹੀ ਸਭ ਤਾਰੇ ੪੦
ਬਾਬਾ ਮੋਹਨ ਜੀਦਾ ਪ੍ਰਸੰਗ ੪੧
ਬਾਬਾ ਮੋਹਰੀ ਜੀਦਾ ਪ੍ਰਸੰਗ ੪੨
ਬਾਬਾ ਦਾਤੂ ਜੀਦਾ ਪ੍ਰਸੰਗ ੪੩
ਬਾਬਾ ਦਾਸੂ ਜੀਦਾ ਪ੍ਰਸੰਗ ੪੩
ਬਾਬਾ ਮਹਾਂ ਦੇਵ ਜੀ ਦਾ ਪ੍ਰਸੰਗ ੪੪
ਬਾਬਾ ਧਰਮਚੰਦ ਜੀ ਦਾ ਪ੍ਰਸੰਗ ੪੪
ਨਾਦੀ+ਬਿੰਦੀਸੰਤਾਨਗੁਰੂ ੪੫
ਬੀਬੀ ਭਾਣੀ ਜੀ ਦੀ ਸਾਖੀ ੪੫
ਬੀਬੀ ਭਾਨੀ ਜੀ ਦਾਪ੍ਰਸੰਗ ੪੮
ਸ੍ਰੀ ਗੁਰੂ ਅਰਜਨਦੇਵ ਜੀ ੫੨
ਸ੍ਰੀ ਗੁਰੂ ਹਰਿਗੋਬਿੰਦ ਜੀ ੫੫
ਬਿੰਦੀਸੰਤਾਨ ਗੁਰੂ ਅਭੇਦਤਾ ੫੯
'ਨਾਦੀ ਤੇ ਬਿੰਦੀ' ਗੁਰੂ ਅਭੇਦਤਾ ੫੯
ਅਰਦਾਸ ੬੧


ਦੇਵੀ ਦਾਸ ਪ੍ਰਿੰਟਿੰਗ ਪ੍ਰੈਸ ਅਮ੍ਰਿਤਸਰ ਵਿਚ ਭਾਈ ਸੁੰਦਰ ਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਿਆ ॥

Digitized by Panjab Digital Library | www.panjabdigilib.org

# ਪ੍ਰਾਰਥਨਾ

## ਸਲੋਕੁ

[ਇਹੁ ਸਲੋਕੁ ਆਦਿ ਅੰਤਿ ਪੜਣਾ]

ਗੁਰਦੇਵ ਮਾਤਾ, ਗੁਰਦੇਵ ਪਿਤਾ,
ਗੁਰਦੇਵ ਸੁਆਮੀ, ਪਰਮੇਸੁਰਾ ॥
ਗੁਰਦੇਵ ਸਖਾ, ਅਗਿਆਨ ਭੰਜਨੁ,
ਗੁਰਦੇਵ ਬੰਧਿਪ, ਸਹੋਦਰਾ ॥
ਗੁਰਦੇਵ ਦਾਤਾ, ਹਰਿ ਨਾਮੁ ਉਪਦੇਸੈ,
ਗੁਰਦੇਵ ਮੰਤੁ, ਨਿਰੋਧਰਾ ॥
ਗੁਰਦੇਵ ਸਾਂਤਿ, ਸਤਿ ਬੁਧਿ ਮੂਰਤਿ,
ਗੁਰਦੇਵ ਪਾਰਸ, ਪਰਸ ਪਰਾ ॥
ਗੁਰਦੇਵ ਤੀਰਥੁ, ਅੰਮ੍ਰਿਤ ਸਰੋਵਰੁ,
ਗੁਰ ਗਿਆਨ ਮਜਨੁ, ਅਪਰੰਪਰਾ ॥
ਗੁਰਦੇਵ ਕਰਤਾ, ਸਭਿ ਪਾਪ ਹਰਤਾ,
ਗੁਰਦੇਵ ਪਤਿਤ ਪਵਿਤ ਕਰਾ ॥
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ,
ਗੁਰਦੇਵ ਮੰਤੁ 'ਹਰਿ' ਜਪਿ ਉਧਰਾ ॥
ਗੁਰਦੇਵ ਸੰਗਤਿ ਪ੍ਰਭਿ ਮੇਲਿ,
ਕਰਿ ਕਿਰਪਾ ਹਮ ਮੂੜ ਪਾਪੀ
ਜਿਤੁ ਲਗਿ ਤਰਾ ॥
ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ,
ਗੁਰਦੇਵ ਨਾਨਕ ਹਰਿ, ਨਮਸਕਰਾ ॥੧॥

[ਗਉੜੀ ਬਾਵਨ ਅਖਰੀ ਮਹਲਾ ੫]

Digitized by Panjab Digital Library | www.panjabdigilib.org

# ਭੂਮਿਕਾ

ਜੇਤੀ ਪ੍ਰਭੂ ਜਨਾਈ ਰਸਨਾ ਤੇਤ ਭਨੀ।

[ਆਸਾ ਮਹਲਾ ੫

ਸਿੱਖ ਧਰਮ ਦੀ ਸਿਖਿਆ ਅਨੁਸਾਰ 'ਗੁਰਿਆਈ ਦੇ ਸਿੱਧਾਂਤ ਤੇ ਪਰਸੰਗਾਂ' ਤੇ ਕੋਈ ਪ੍ਰਮਾਨੀਕ ਸੰਗ੍ਰਹ ਪੰਥ ਵਿਚ ਪ੍ਰਚਲਿਤ ਨਹੀਂ। ਇਸ ਥੋੜ ਤੇ ਲੋੜ ਨੂੰ ਪੂਰਾ ਕਰਨ ਲਈ ਸਰਦਾ ਬਨਦਾ ਜਤਨ ਕੀਤਾ ਹੈ। ਗੁਰੂ ਖਾਲਸਾ ਪੰਥ ਦੀ ਜੱਥੇਬੰਦੀ ਨੂੰ ਨੁਕਸਾਨ ਹੁੰਦਾ ਦੇਖਕੇ ਏਹ ਸੰਗ੍ਰਹ ਕੀਤਾ ਹੈ। ਗੁਣੀ ਗਿਆਨੀ ਜਨ ਇਸ ਤੇ ਵੀਚਾਰ ਕਰਨ ਅਤੇ ਗੁਰੂ ਖਾਲਸਾ ਪੰਥ ਦੇ ਗੁਝੇ ਮਿੱਤ੍ਰਾਂ ਦੀਆਂ ਹੇਰਾ ਫੇਰੀਆਂ ਤੋਂ ਸੁਚੇਤ ਰਹਿਣ। ਆਉਣ ਵਾਲੀਆਂ ਸਿਖ ਸੰਤਾਨਾਂ ਲਈ ਕੋਈ ਉਚਿਤ ਉਪਰਾਲਾ ਕਰਨ ਕਿ ਪੰਥ ਵਿਚ ਧਾਰਮਕ ਤੇ ਭਾਈ-ਚਾਰਕ ਫੁਟ ਨ ਫੈਲੇ।

ਗੁਰੂ ਖਾਲਸਾ ਪੰਥ ਤੇ ਖੋਜੀ ਪਾਠਕਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਜੇ ਇਸ ਪੁਸਤਕ ਵਿਚ ਕੋਈ 'ਭੁਲ ਚੁਕ' ਦੇਖਣ ਤਾਂ ਦਾਸ ਨੂੰ ਲਿਖ ਘੱਲਨ। ਜੇ ਕੋਈ "ਪ੍ਰਮਾਨ ਜਾਂ ਪ੍ਰਸੰਗ" ਲਿਖਣੋ ਰਹਿ ਗਿਆ ਹੈ, ਤਾਂ ਭੀ ਦਾਸ ਨੂੰ ਪਤਾ ਦੇਣ ਦੀ ਖੇਚਲ ਕਰਨ। ਅਗਲੀ ਵਾਰੀ ਪੁਸਤਕ ਛਪਨ ਵੇਲੇ ਸੁਧਾਈ ਹੋ ਜਾਏਗੀ।

ਜਿਨ੍ਹਾਂ ਮਹਾਂਨੁਭਾਵ ਗ੍ਰੰਥਕਾਰਾਂ ਦੇ ਪ੍ਰਮਾਨ ਦਿਤੇ ਹਨ ਤੇ ਜਿਨ੍ਹਾਂ ਸਜਨਾਂ ਨੇ ਸਲਾਹ ਸਹਾਇਤਾ ਦਿੱਤੀ ਹੈ ਤਿਨ੍ਹਾਂ ਸਭਨਾ ਦਾ ਧੰਨਵਾਦ ਹੈ। ਦਾਸ—ਕਰਤਾ

Digitized by Panjab Digital Library | www.panjabdigilib.org

੧ ਓ ਸਤਿਗੁਰਪ੍ਰਸਾਦਿ ॥

# ਅਧਯਾਇ ਪਹਿਲਾ

# ਗੁਰੂ ਸਿੱਧਾਂਤ

(ਪ੍ਰਸ਼ਨ)-ਗੁਰਬਾਣੀ ਅਨੁਸਾਰ ਸਤਿਗੁਰੂ ਦੇ ਕੀ ਲੱਛਨ ਹਨ ?

(ਉਤਰ)—ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਏਹ ਪਰਮਾਣ ਮਿਲਦੇ ਹਨ:-

## (ੳ) ਸਤਿਗੁਰੂ ਤੇ ਨਾਮੁ

ਧਨੁ ਧੰਨੁ 'ਗੁਰੂ' ਜਿਨਿ'ਨਾਮੁ' ਅਰਾਧਿਆ,

[ਗਉੜੀ ਕੀ ਵਾਰ ਮਃ ੪

ਸੋ 'ਸਤਿਗੁਰੁ' ਜਿਸੁ ਰਿਦੈ ਹਰਿ'ਨਾਉ'।੩। [ਸੁਖਮਨੀ ਅ: ੧੮

ਸੋਈ 'ਸਤਿਗੁਰੁ' ਪੁਰਖੁ ਹੈ
ਜਿਨਿ ਪੰਜੇ ਦੂਤ ਕੀਤੇ ਵਸਿ ਛਿਕੈ॥ [ਗਉੜੀ ਕੀ ਵਾਰ ਮਹਲਾ ੪

ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ॥
ਗੁਰਮੁਖਿ ਹੋਵੈ ਸੁ ਪਾਰਿ ਪਵੈ ਜਿਨਾ ਅੰਦਰਿ ਸਚਾ ਸੋਇ॥
ਨਾਮੁ ਸਮ੍ਹਾਲੇ ਨਾਮੁ ਸੰਗ੍ਰਹੈ ਨਾਮੇ ਹੀ ਪਤਿ ਹੋਇ ॥
ਨਾਨਕ ਸਤਿਗੁਰੂ ਪਾਇਆ ਕਰਮਿ ਪਰਾਪਤਿ ਹੋਇ ॥੨॥

[ਮਹਲਾ ੩, ਬਿਹਾਗੜ ਕੀ ਵਾਰ ਮਹਲਾ ੪

ਸਤਿਗੁਰੁ ਬਿਰਹੀ ਨਾਮ ਕਾ,
ਜੇ ਮਿਲੈ ਤ ਤਨੁ ਮਨੁ ਦੇਉ ॥ ੩ ॥

Digitized by Panjab Digital Library | www.panjabdigilib.org

'ਸਤਿਗੁਰੁ' ਸਾਗਰੁ ਗੁਣ 'ਨਾਮ' ਕਾ,
ਮੈ ਤਿਸੁ ਦੇਖਣ ਕਾ ਚਾਉ ॥੬॥ [ਸੂਹੀ ਮ: ੪ ਅਸਟਪਦੀਆ ਘਰ ੧੦

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥
ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥
ਤਹ ਅਨਹਦ ਸਬਦ ਵਜਹਿ'ਧੁਨਿ' ਬਾਣੀ,
ਸਹਜੇ ਸਹਜਿ ਸਮਾਈ ਹੇ ॥ ੬ ॥ [ਮਾਰੂ ਸੋਲਹੇ ਮਹਲਾ ੪

## (ਅ) ਸਤਿਗੁਰੁ ਤੇ ਸਤਿਪੁਰਖੁ

ਸਤਿ ਪੁਰਖੁ ਜਿਨਿ ਜਾਨਿਆ
'ਸਤਿਗੁਰੁ' ਤਿਸਕਾ ਨਾਉ ॥
ਤਿਸਕੈ ਸੰਗਿ ਸਿਖੁ ਉਧਰੈ
ਨਾਨਕ ਹਰਿ ਗੁਨ ਗਾਉ ॥ ੧ ॥ [ਸੁਖਮਨੀ ਸਲੋਕੁ ੧੮
ਬ੍ਰਹਮੁ ਬਿੰਦੇ ਸੋ 'ਸਤਿਗੁਰੁ' ਕਹੀਐ
ਹਰਿ ਹਰਿ ਕਥਾ ਸੁਣਾਵੈ ॥ [ਮਲਾਰ ਮਹਲਾ ੪

## (ੲ) ਸਤਿਗੁਰੁ ਤੇ ਸਿਖ

ਘਰ ਮਹਿ ਘਰੁ ਦਿਖਾਇ ਦੇਇ
ਸੋ 'ਸਤਿਗੁਰੁ' ਪੁਰਖੁ ਸੁਜਾਣੁ ॥ [ਵਾਰ ਮਲਾਰ ਕੀ ਮਹਲਾ ੧
ਘਰ ਭੀਤਰਿ ਘਰੁ ਗੁਰੂ ਦਿਖਾਇਆ
ਸਹਜਿ ਰਤੇ ਮਨ ਭਾਈ ॥ [ਸੋਰਠਿ ਮਹਲਾ੧
ਜਿਸੁ ਮਿਲਿਐ ਮਨਿ ਹੋਇ 'ਅਨੰਦੁ'
ਸੋ 'ਸਤਿਗੁਰੁ' ਕਹੀਐ ॥ [ਗਉੜੀ ਬੈਰਾਗਣਿ ਮਹਲਾ ੪
ਮਿਟਹਿ ਕਲੇਸ, ਸੁਖੀ ਹੋਇ ਰਹੀਐ ॥

Digitized by Panjab Digital Library | www.panjabdigilib.org

ਐਸਾ ਦਾਤਾ, 'ਸਤਿਗੁਰੁ' ਕਹੀਐ ॥ [ਗਉੜੀ ਗੁਆਰੇਰੀ ਮਹਲਾ ੫
ਸਤਿਗੁਰੁ' ਸਿਖ ਕਉ 'ਨਾਮ' ਧਨੁ ਦੇਇ ॥ [ਸੁਖਮਨੀ ਅਃ ੧੮
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ,
ਸਤਿਗੁਰੁ ਹੋਇ ਲਖਾਵੈ ॥ ੨ ॥ ੧ ॥ [ਧਨਾਸਰੀ ਪੀਪਾ

ਸੋ ਗੁਰਬਾਣੀ ਅਨੁਸਾਰ 'ਨਾਮ ਬਿਰਹੀ' ਜਾਂ 'ਨਾਮ ਨਾਲ਼ ਰੱਤਾ' ਸਤਿਗੁਰ ਹੈ। ਜੋ ਬ੍ਰਹਮ ਤੇ ਸਤਿ ਪੁਰਖੁ ਨੂੰ ਜਾਨੇ ਸੋ ਸਤਿਗੁਰੁ ਹੈ। ਸਿਖ ਨੂੰ 'ਘਰ ਵਿਚ ਘਰ' ਦਿਖਾ ਦਏ ਤੇ ਜਿਸਦੇ ਮਿਲਿਆਂ 'ਮਨ ਨੂੰ ਅਨੰਦ' ਹੋਏ ਸੋ ਸਤਿਗੁਰ ਹੈ । ਗੁਰਬਾਣੀ ਵਿਚ ਲਿਖਿਆ ਹੈ:—

ਜਿਨ੍ਹ ਐਸਾ 'ਸਤਿਗੁਰੁ ਸਾਧੁ' ਨ ਪਾਇਆ,
ਤੇ ਧ੍ਰਿਗੁ ਧ੍ਰਿਗ ਨਰ ਜੀਵਾਈਐ ॥ [ਬਸੰਤੁ ਹਿੰਡੋਲ ਮਹਲਾ ੪

# ਗੁਰੂ ਮਹਿਮਾ

ਐਸੇ ਸ਼ਬਦ ਸੰਪੰਨ ਗੁਰੂ ਦੀ ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਵਾਰਾਂ ਭਾਈ ਗੁਰਦਾਸ ਜੀ ਵਿਚ ਨਾਨਾ ਅਲੰਕਾਰਾਂ ਸਹਿਤ ਲਿਖੀ ਹੈ। ਅਸੀਂ ਵੰਣਗੀ ਮਾਤ੍ਰ ਪਰਮਾਣ ਹੇਠਾਂ ਲਿਖਦੇ ਹਾਂ:—

# ਗੁਰ ਕੁੰਜੀ

ਗੁਰੁ 'ਕੁੰਜੀ', ਪਾਹੂ ਨਿਵਲੁ, ਮਨੁ ਕੋਠਾ, ਤਨੁ ਛਤਿ ॥
ਨਾਨਕ 'ਗੁਰ ਬਿਨੁ' ਮਨ ਕਾ ਤਾਕੁ ਨ ਉਘੜੈ,
ਅਵਰ ਨ 'ਕੁੰਜੀ' ਹਥਿ ॥ ੧ ॥ {ਸਲੋਕ ਮਹਲਾ ੨
ਸਾਰੰਗ ਕੀ ਵਾਰ ਮਹਲਾ ੪

Digitized by Panjab Digital Library | www.panjabdigilib.org

# ਗੁਰੂ ਬੇਲੀ

ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥.....
ਓਥੈ ਸਤਿਗੁਰੁ 'ਬੇਲੀ' ਹੋਵੈ ਕਢਿ ਲਏ ਅੰਤੀ ਵਾਰ ॥

[ਵਾਰ ਮਲਾਰ ਕੀ ਮਹਲਾ ੧

# ਗੁਰੂ ਬੋਹਿਥੁ

ਸਤਿਗੁਰੁ 'ਬੋਹਿਥੁ' ਬੇੜੁ ਸੱਚਾ ਰਖਸੀ ॥... ... ...
ਕਰਤਾ ਕਰੇ ਸੁ ਹੋਗੁ ਕੂੜੁ ਨਿਖੁਟਸੀ ॥ [ਵਾਰ ਮਲਾਰ ਕੀ ਮਹਲਾ ੧
ਸਤਿਗੁਰੂ ਹੈ 'ਬੋਹਿਥਾ', ਸਬਦਿ ਲੰਘਾਵਣ ਹਾਰੁ ॥.. ... ...
ਗੁਰਮੁਖਿ ਲੰਘੇ ਸੇ ਪਾਰਿ ਪਏ,
ਸਚੇ ਸਿਉ ਲਿਵ ਲਾਇ ॥ [ਮਾਰੂ ਅਸਟਪਦੀਆ ਮਹਲਾ ੧
ਹਮ ਲੋਹ, ਗੁਰ ਨਾਵ 'ਬੋਹਿਥਾ'
ਨਾਨਕ ਪਾਰਿ ਲੰਘਾਈ ॥ ੪ ॥ ੭ ॥ [ਮਲਾਰ ਮਹਲਾ ੪

# ਗੁਰੂ ਪਾਂਧਾ

ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ॥
ਧਨੁ ਧੰਨੁ ਸੁ ਰਸਨਾ ਧੰਨੁ ਕਰ, ਧੰਨੁ ਸੁ 'ਪਾਧਾ ਸਤਿਗੁਰੂ'
ਜਿਤੁ ਮਿਲਿ ਹਰਿ ਲੇਖਾ ਲਿਖਾ॥ ੮ ॥[ਕਾਨੜੇ ਕੀ ਵਾਰ ਮਹਲਾ ੪
ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ 'ਪਾਧਾ'
ਜਿਨ ਹਰਿ ਉਪਦੇਸੁ ਦੇ ਕੀਏ ਸਿਆਣੇ ॥[ਗਉੜੀ ਬੈਰਾਗਣਿ ਮ: ੪

# ਗੁਰੂ ਦੀਪਕ

ਗੁਰੁ ਦਾਤਾ, ਗੁਰੁ ਹਿਵੈ ਘਰੁ,
ਗੁਰੁ 'ਦੀਪਕੁ', ਤਿਹ ਲੋਇ ॥ [ਵਾਰ ਮਾਝ ਕੀ ਤਥਾ ਸਲੋਕ ਮਹਲਾ ੧

Digitized by Panjab Digital Library | www.panjabdigilib.org

## ਗੁਰੁ ਵੈਦ

ਸਤਿਗੁਰੁ ਪੂਰਾ 'ਵੈਦ' ਹੈ, ਪੰਜ ਰੋਗ ਅਸਾਧ ਨਿਵਾਰੇ ॥
[ਭਾਈ ਗੁਰਦਾਸ ਜੀ,ਵਾਰ ੨੬, ਪਉੜੀ ੧੯

## ਗੁਰੁ ਪੀਲਕੁ

ਮਨੁ ਕੁੰਚਰੁ, ਪੀਲਕੁ ਗੁਰੂ, ਗਿਆਨੁ ਕੁੰਡਾ,
ਜਹ ਖਿੰਚੇ ਤਹ ਜਾਇ ॥
ਨਾਨਕ ਹਸਤੀ ਕੁੰਡੇ ਬਾਹਰਾ,
ਫਿਰਿ ਫਿਰਿ ਉਝੜਿ ਪਾਇ ॥੨॥ [ਗੂਜਰੀ ਕੀ ਵਾਰ, ਮਹਲਾ ੩

## ਗੁਰੁ ਬੋਹਲੁ

ਗੁਰੁ ਸਤਿਗੁਰੁ ਬੋਹਲੁ ਹਰਿ ਨਾਮ ਕਾ [ਵਡਹੰਸ ਕੀ ਵਾਰ ਮਹਲਾ ੪

## ਗੁਰੁ ਪਉੜੀ

ਗੁਰੁ ਪਉੜੀ, ਬੇੜੀ ਗੁਰੂ, ਗੁਰੁ ਤੁਲਹਾ, ਹਰਿ ਨਾਉ ॥
ਗੁਰੁ ਸਰੁ ਸਾਗਰੁ ਬੋਹਿਥੋ, ਗੁਰੁ ਤੀਰਥੁ ਦਰੀਆਉ ॥
[ਸਿਰੀ ਰਾਗੁ ਮਹਲਾ ੧

## ਗੁਰੁ ਪਰਮੇਸਰੁ

ਗੁਰੁ ਦਾਤਾ,ਸਮਰਥੁ ਗੁਰੁ,ਗੁਰੁ ਸਭ ਮਹਿ ਰਹਿਆ ਸਮਾਇ ॥
ਗੁਰੁ ਪਰਮੇਸਰੁ, ਪਾਰਬ੍ਰਹਮੁ ਗੁਰੁ,
ਡੁਬਦਾ ਲਏ ਤਰਾਇ ॥ ੨ ॥ [ਸਿਰੀ ਰਾਗੁ ਮਹਲਾ ੫

## ਗੁਰੁ ਦਯੁ

ਗੁਰੁ ਨਾਰਾਇਣੁ, ਦਯੁ ਗੁਰੁ, ਗੁਰੁ ਸਚਾ ਸਿਰਜਣ ਹਾਰੁ ॥

Digitized by Panjab Digital Library | www.panjabdigilib.org

ਗੁਰਿ ਤੁਠੈ ਸਭ ਕਿਛੁ ਪਾਇਆ,
ਜਨ ਨਾਨਕ ਸਦ ਬਲਿਹਾਰ ॥ [ਗਉੜੀ ਮਹਲਾ ੫ ਮਾਂਝ

## ਗੁਰੂ ਤੀਰਥੁ

ਨਾਨਕ, ਗੁਰ ਸਮਾਨਿ'ਤੀਰਥੁ'ਨਹੀ ਕੋਈ
ਸਾਚੇ ਗੁਰ ਗੋਪਾਲਾ ॥ ੩ ॥ [ਆਸਾ ਮਹਲਾ ੧

## ਗੁਰੂ ਮਾਨ-ਸਰੋਵਰੁ

ਗੁਰੁ ਸਰਵਰੁ ਮਾਨ ਸਰੋਵਰੁ ਹੈ,ਵਡਭਾਗੀ ਪੁਰਖ ਲਹੰਨ੍ਹਿ ॥
ਸੇਵਕ ਗੁਰਮੁਖਿ ਖੋਜਿਆ, ਸੇ ਹੰਸਲੇ ਨਾਮੁ ਲਹੰਨਿ ॥
[ਸੂਹੀ ਮਹਲਾ ੩

## ਗੁਰੂ ਸਾਗਰੁ

ਗੁਰ ਬਿਨੁ ਦਾਤਾ ਅਵਰੁ ਨ ਕੋਇ ॥ ੩ ॥
ਗੁਰੁ 'ਸਾਗਰੁ' ਪੂਰਾ ਭੰਡਾਰ ॥ [ਆਸਾ ਮਹਲਾ ੩

## ਗੁਰੂ ਖੇਵਟੁ

ਗੁਰੁ ਜਹਾਜੁ, ਖੇਵਟੁ ਗੁਰੂ, ਗੁਰ ਬਿਨੁ ਤਰਿਆ ਨ ਕੋਇ ॥
ਗੁਰ ਪ੍ਰਸਾਦਿ ਪ੍ਰਭੁ ਪਾਈਐ, ਗੁਰ ਬਿਨੁ ਮੁਕਤਿ ਨ ਹੋਇ ॥
[ਸਵਈਏ ਮਹਲੇ ਚਉਥੇ ਕੇ ੪

## ਗੁਰੂ ਪਾਰਸੁ

ਮਨੂਰੈ ਤੇ ਕੰਚਨ ਭਏ, ਭਾਈ,
ਗੁਰੁ'ਪਾਰਸੁ'ਮੇਲਿ ਮਿਲਾਇ ॥ [ਸੋਰਠਿ ਮਹਲਾ ੩ ਦੁਤੁਕੀ

## ਗੁਰੂ ਗਾਂਧੀ

ਸਭ ਸੁਗੰਧ ਰਲਾਇਕੈ 'ਗੁਰੁ ਗਾਂਧੀ' ਅਰਗਜਾ ਕਰੰਦਾ ॥
[ਭਾਈ ਗੁਰਦਾਸ ਜੀ, ਵਾਰ ੧੭, ਪਉੜੀ ੧੪

Digitized by Panjab Digital Library | www.panjabdigilib.org

# ਗੁਰੁ ਸਤਸਰੁ

ਗੁਰ ਕੀ 'ਮਹਿਮਾ' ਕਿਆ ਕਹਾ,
ਗੁਰੁ ਬਿਬੇਕ ਸਤਸ_ ॥ [ਆਸਾ ਘਰੁ ੮, ਕਾਫੀ ਮਹਲਾ ੫

# ਗੁਰੁ ਪਾਰਜਾਤੁ

ਗੁਰੁ ਸਮਰਥੁ, ਅਪਾਰੁ ਗੁਰੁ, ਵਡਭਾਗੀ ਦਰਸਨੁ ਹੋਇ ॥
ਗੁਰੁ ਅਗੋਚਰੁ ਨਿਰਮਲਾ, ਗੁਰ ਜੇਵਡੁ ਅਵਰੁ ਨ ਕੋਇ ॥
ਗੁਰੁ ਕਰਤਾ, ਗੁਰੁ ਕਰਣ ਹਾਰੁ, ਗੁਰਮੁਖਿ ਸਚੀ ਸੋਇ ॥
ਗੁਰ ਤੇ ਬਾਹਰਿ ਕਿਛੁ ਨਹੀ, ਗੁਰ ਕੀਤਾ ਲੋੜੇ ਸੁ ਹੋਇ॥੨॥
ਗੁਰੁ ਤੀਰਥੁ, ਗੁਰੁ 'ਪਾਰਜਾਤੁ', ਗੁਰੁ ਮਨਸਾ ਪੂਰਣ ਹਾਰੁ ॥
ਗੁਰੁ ਦਾਤਾ ਹਰਿ ਨਾਮੁ ਦੇਇ, ਉਧਰੈ ਸਭੁ ਸੰਸਾਰੁ ॥
ਗੁਰੁ ਸਮਰਥੁ, ਗੁਰੁ ਨਿਰੰਕਾਰੁ, ਗੁਰੁ ਊਚਾ ਅਗਮ ਅਪਾਰੁ ॥
ਗੁਰ ਕੀ 'ਮਹਿਮਾ' ਅਗਮ ਹੈ, ਕਿਆ ਕਥੈ ਕਥਨਹਾਰੁ॥੩॥

16622 9 [ਸਿਰੀ ਰਾਗੁ ਮਹਲਾ ੫

ਸੋ ਸਿਖ ਲਈ ਅਪਣਾ ਗੁਰੂ ਹੀ ਸਭ ਕੁਝ ਹੈ। ਐਸੇ ਸ਼ਬਦ ਸੰਪੰਨ ਗੁਰ ਦੀ ਕਿਰਪਾ ਹੋਵੇ ਤਾਂ 'ਪ੍ਰਭੁ' ਪਾਈਦਾ ਹੈ। ਗੁਰਬਾਣੀ ਵਿਚ ਲਿਖਿਆ ਹੈ:—

ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥
[ਸਿਰੀ ਰਾਗੁ ਮਹਲਾ ੩

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ
ਰਾਮੁ ਨ ਪਾਇਆ ਜਾਇ ॥ ਬਿਹਾਗੜੇ ਕੀ ਵਾਰ ਮਹਲਾ ੪
ਗੁਰ ਪਰਸਾਦੀ ਰਾਮੁ ਮਨਿ ਵਸੈ
ਤਾ 'ਫਲੁ' ਪਾਵੈ ਕੋਇ ॥ [ਗੂਜਰੀ ਮਹਲਾ ੩

Digitized by Panjab Digital Library | www.panjabdigilib.org

# ਗੁਰੂ ਧਾਰਨ ਦੇ ਲਾਭ

## ਸੁਖੁ ਮਾਨੈ ਭੇਟੈ ਗੁਰ ਪੀਰੁ ॥

[ਆਸਾ ਮਹਲਾ ੧

ਨਿਰੰਕਾਰ ਨੇ ਨਾਨਕ ਨਿਰੰਕਾਰੀ ਅਕਾਰ ਧਾਰਿਆ। ਏਕੰਕਾਰ 'ਗੁਰ ਅਵਤਾਰ' ਧਾਰਕੇ ਆਇਆ। ਕਰਤਾਰ ਨੇ 'ਜਗਤ ਗੁਰੂ' ਰੂਪ ਧਾਰਨ ਕੀਤਾ। ਓਹ 'ਮਾਣਸ ਮੂਰਤਿ ਨਾਨਕੁ ਨਾਮੁ*' ਬਨਿਆ। ਪੰਜਾਬੇ ਗੁਰ ਦੀ ਵਡਿਆਈ†।ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਅੰਧੀ ਰਯਤਿ ਗਿਆਨ ਵਿਹੂਣੀ'. ਲਈ ਗੁਰਬਾਣੀ ਦਾ ਪ੍ਰਕਾਸ਼ ਕੀਤਾ। ਬਾਣੀ ਮੁਖਹੁ ਉਚਾਰੀਐ ਹੋਇ ਰੁਸ਼ਨਾਈ ਮਿਟੈ ਅੰਧਾਰਾ‡। ਸਤਿਗੁਰੂ ਦੀ ਸੱਚੀ ਟਕਸਾਲ ਤੋਂ ਸਿਖੀ ਦਾ ਸਿੱਕਾ ਚਲਿਆ। ਜਿਨ੍ਹਾਂ ਜੀਵਾਂ ਨੇ ਪੂਰੇ ਸਤਿਗੁਰੁ ਦੀ ਸਿਖਿਆ ਸੁਣਕੇ 'ਗੁਰ ਉਪਦੇਸ਼' ਧਾਰਨ ਕੀਤਾ ਓਹ ਨਾਮ ਦੇ ਰਸੀਏ 'ਸਿਖ' ਸਦਵਾਏ। ਗੁਰ ਦੀਖਿਆ ਲੈ ਸਿੱਖ ਸਿੱਖ ਸਦਾਇਆ§।

ਉਪਦੇਸੁ ਜਿ ਦਿਤਾ ਸਤਿਗੁਰੁ, ਸੋ ਸੁਣਿਆ ਸਿਖੀ ਕੰਨੇ ॥
ਇਹ ਚਾਲ ਨਿਰਾਲੀ ਗੁਰਮੁਖੀ,'ਗੁਰਦੀਖਿਆ' ਸੁਣਿ ਮਨੁ ਭਿੰਨੇ॥॥

ਇਹ ਸਿਖ ਸੰਗਤਿ ਜਾਂ ਉਤਮ ਪੰਥ ਦੀ ਅਟਲ ਨੀਂਹ ਧਰੀ ਗਈ। ਏਹ ਸਿੱਖੀ ਦੀ ਵੇਲ ਲੱਗੀ। ਏਹ ਸਚ ਦੀ ਧਰਮਸਾਲ ਬੱਝੀ। ਗੁਰ ਜੀਦੀ ਸਿਖਿਆ ਦਾ ਵੀਚਾਰ ਹੀ ਸਿੱਖੀ ਹੈ। ਪ੍ਰਮਾਰਥ ਵਿਚ'ਪੂਰ ਗੁਰੂ'ਦੀ ਬੜੀ ਲੋੜ ਹ।'ਕਾਮਲ ਮੁਰਸ਼ਦ' ਦੇ ਅਸੂਲ

---

*ਆਸਾ ਮਹਲਾ ੫। †ਭਾਈ ਗੁਰਦਾਸ ਜੀ ਵਾਰ ੧੧ ਪਉੜੀ ੨੪।

‡ਭਾਈ ਗੁਰਦਾਸ ਵਾਰ ੧ ਪਉੜੀ ੩੮।

§ਭਾਈ ਗੁਰਦਾਸ ਜੀ ਵਾਰ ੩ ਪਉੜੀ ੧੧। ||ਗਉੜੀ ਕੀ ਵਾਰ ਮਹਲਾ ੪

Digitized by Panjab Digital Library | www.panjabdigilib.org

ਨੂੰ ਸਦਾ ਸਾਹਮਣੇ ਰਖਣ ਦੀ ਭੀ ਜ਼ਰੂਰਤ ਹੈ। ਏਸੇ ਲਈ ਇਸ ਮਾਰਗ ਦਾ ਨਾਮ ਸਿੱਖੀ ਮਾਰਗ ਰਖਿਆ।

ਜੋ ਤਾਕੇ ਮਾਰਗ ਮਹਿ ਆਏ।
ਤੇ ਕਬਹੂੰ ਨਹੀ ਪਾਪ ਸੰਤਾਏ* ॥ ੫॥

ਏਸੇ ਲਈ ਇਸ ਰਾਹ ਨੂੰ 'ਗੁਰਮਤਿ' ਭੀ ਆਖਦੇ ਹਨ। ਇਸ ਮਾਰਗ ਵਿਚ'ਗੁਰੂ' ਪਦ ਦੀ ਹੀ ਵਿਸ਼ੇਸ਼ਤਾ ਹੈ।ਅਸੀ ਇਸ ਪੁਸਤਕ ਵਿਚ ਉਸ 'ਗੁਰ ਅਵਤਾਰ ਦੀ ਸਿਖਿਆ ਤੇ ਸਿਲਸਿਲੇ' ਨੂੰ ਸਾਹਮਣੇ ਰਖਕੇ'ਪਰਤਖ ਗੁਰੂ'† ਜਾਂ'ਜੀਉਂਦੇ ਗੁਰੂ'‡ਦੀ ਖੋਜ ਕਰਦੇ ਹਾਂ; ਗੁਰਬਾਣੀ, ਸਿਖ ਇਤਹਾਸ ਤੇ ਸਿਖ ਸਾਹਿਤਜ ਦੀ ਪਰਚੋਲ ਕਰਦੇ ਹਾਂ; ਤਾਂਕੇ ਸਿਖ 'ਗੁਰ ਅਵਤਾਰ ਦੀ ਸਿਖਿਆ ਤੇ ਦੀਖਿਆ'ਦੇ ਸੋਮੇਂ ਤੋਂ ਵਰਤਮਾਨ ਸਮੇਂ ਵਿਚ ਤੇ ਸਦਾ ਲਈ ਪੂਰਾ ਪੂਰਾ ਲਾਭ ਪ੍ਰਾਪਤ ਕਰਨ।

ਗੁਰਬਾਣੀ ਦੇ ਪਠਨ ਪਾਠਨ ਤੋਂ ਪਤਾ ਲੱਗਦਾ ਹੈ,ਕਿ ਗੁਰੂ ਧਾਰਨ ਕਰਨ ਨਾਲ ਸਿਖ ਨੂੰ ਨਾਮ,ਗੁਣ, ਪ੍ਰੇਮ, ਪ੍ਰੀਤਿ, ਪ੍ਰਤੀਤ ਭਗਤੀ, ਗਿਆਨ, ਮੁਕਤੀ, (ਉਧਾਰ, ਤਰਨਾ) ਸਹਜਿ, ਮਹਲ ਤੇ ਸ਼ਾਂਤੀ ਆਦਿ ਪਦਾਰਥ ਮਿਲਦੇ ਹਨ। ਗੁਰ ਮਾਨਸ ਤੋਂ ਦੇਵਤੇ ਕਰਦਾ ਹੈ। ਨਿਗੁਰੇ ਸਿਆਣਿਆਂ ਦੀ ਚਤੁਰਾਈ ਸਿਆਨਪ ਕਿਤੇ ਕੰਮ ਨਹੀਂ ਆਉਂਦੀ। ਸਾਕਤ ਸਚੇ ਨਾਮ ਤੋਂ ਸਖਣੇ ਸਿਰ ਧੁੰਨਦੇ ਹਨ। ਇਹ ਪਰਮ ਤੱਤ ਹੈ। ਗੁਰਮੁਖਾਂ ਨੂੰ ਸੁਖ ਅਨੰਦ

---

*ਬਚਿੱਤ੍ਰ ਨਾਟਕ ਧਿਆਇ ੫।

†ਤੈਸੇ 'ਬਿਦਮਾਨ' ਜਾਨੀਐ ਨਾ ਮਹਿਮਾ ਮਹਤ 'ਅੰਤਰੀਛ' ਭਏ, ਪਾਛੇ ਲੋਗ ਪਛਤਾਤ ਹੈ। ੩੫੦ [ਕਬਿੱਤ ਸਵੈਯੇ ਭਾਈ ਗੁਰਦਾਸ ਜੀ

‡ਸਹਿ ਟਿਕਾ ਦਿਤੋਸੁ ਜੀਵਦੈ [ਰਾਃ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ

ਮਿਲਦਾ ਹੈ ਅਤੇ ਮਨਮੁਖਾਂ ਨੂੰ ਲੋਕ ਪ੍ਰਲੋਕ ਦੇ ਧੱਕੇ। ਗੁਰਸਿੱਖੀ ਦੇ ਇਸ ਸਿੱਧਾਂਤ ਪਰਥਾਇ ਅਸੀ ਗੁਰਬਾਣੀ ਵਿਚੋਂ ਨਾਮ, ਗੁਣ, ਪ੍ਰੇਮ, ਪ੍ਰੀਤਿ, ਪ੍ਰਤੀਤ, ਭਗਤੀ, ਗਿਆਨ, ਮੁਕਤੀ, ਸਹਜੁ ਤੇ ਸ਼ਾਂਤੀ ਆਦਿ ਦੀ ਪ੍ਰਾਪਤੀ ਲਈ 'ਗੁਰੂ ਦੀ ਲੋੜ' ਹੋਣ ਦੇ ਪਰਮਾਣ ਕ੍ਰਮ ਪੂਰਬਕ ਹੇਠਾਂ ਲਿਖਦੇ ਹਾਂ:—

## ਨਾਮ

ਬਿਨ ਸਤਿਗੁਰ ਕੋ ਨਾਉ ਨ ਪਾਏ,
ਪ੍ਰਭਿ ਐਸੀ ਬਣਤ ਬਣਾਈ ਹੇ ॥ ੯ ॥ [ਮਾਰੂ ਸੋਲਹੇ ਮਹਲਾ ੩

ਬਿਨੁ ਗੁਰ ਨਾਮੁ ਨ ਪਾਇਆ ਜਾਇ ॥
ਸਿਧ ਸਾਧਿਕ ਰਹੇ ਬਿਲਲਾਇ ॥ ੩ ॥ [ਮਾਝ ਮਹਲਾ ੩

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ,
ਲਖ ਕੋਟੀ ਕਰਮ ਕਮਾਉ ॥ ੨ ॥ [ਸਿਰੀ ਰਾਗੁ ਮਹਲਾ ੪

ਬਿਨੁ ਗੁਰ ਕਿਨੈ ਨ ਪਾਇਓ,
ਹਰਿ ਨਾਮੁ 'ਹਰਿ ਸਤੇ' ॥ [ਮਾਰੂ ਵਾਰ ਮਹਲਾ ੩

ਸਤਿਗੁਰੁ ਭੇਟੇ ਤਾ ਨਾਉ ਪਾਏ,
ਹਉਮੈ ਮੋਹੁ ਚੁਕਾਇਆ ॥ ੩ ॥ [ਸੋਰਠ ਮਹਲਾ ੩ ਘਰ ੧

ਗੁਰ ਮਿਲਿਐ, ਨਾਮੁ ਪਾਈਐ,
ਚੂਕੈ ਮੋਹ ਪਿਆਸ ॥ [ਸਿਰੀ ਰਾਗੁ ਮਹਲਾ ੩

ਬਿਨੁ ਸਤਿਗੁਰ ਨਾਮੁ ਨ ਪਾਈਐ, ਭਾਈ,
ਬਿਨੁ ਨਾਮੈ ਭਰਮੁ ਨ ਜਾਈ ॥ [ਸੋਰਠਿ ਮਹਲਾ ੧ ਤਿਤੁਕੀ

ਬਿਨੁ ਗੁਰ ਹਰਿ 'ਨਾਮੁ' ਨ ਕਿਨੈ ਪਾਇਆ, ਮੇਰੇ ਭਾਈ ॥
ਗੁਰਮੁਖਿ ਹਰਿ ਭਗਤਿ, ਹਰਿ ਆਪਿ ਲਹਾਈ ॥ ੧੩ ॥
[ਵਡਹੰਸ ਕੀ ਵਾਰ ਸਲੋਕ ਮ: ੩

Digitized by Panjab Digital Library | www.panjabdigilib.org

## ਨਾਮ ਰੰਗ

ਬਿਨੁ ਗੁਰ ਕੋਇ ਨ ਰੰਗੀਐ,
ਗੁਰਿ ਮਿਲਿਐ ਰੰਗੁ ਚੜਾਉ ॥ [ਆਸਾ ਮਹਲਾ ੩

## ਗੁਣ

ਬਿਨ ਗੁਰ 'ਗੁਣ' ਨ ਜਾਪਨੀ
ਬਿਨੁ ਗੁਣ ਭਗਤਿ ਨ ਹੋਇ ॥ [ਸਿਰੀ ਰਾਗੁ ਮਹਲਾ ੩
ਬਿਨੁ ਗੁਰ 'ਅਰਥੁ' ਬੀਚਾਰੁ ਨ ਪਾਇਆ । ੨ ।
[ਗਉੜੀ ਮਹਲਾ ੧

ਮੁਰਸਦੇ 'ਹਰ ਚੀਜ਼' ਮੇ ਬਾਸ਼ਦ ਬਸੈ ॥
'ਮੁਰਸ਼ਦੇ ਕਾਮਲ' ਕੁਜਾ ਯਾਬਦ ਕਸੇ ॥੪੦੮॥
[ਜ਼ਿੰਦਗੀ ਨਾਮਾ, ਭਾਈ ਨੰਦ ਲਾਲ ਜੀ

ਨਾਨਕ ਨਿਗੁਰਿਆ 'ਗੁਣੁ' ਨਾਹੀ ਕੋਇ ॥
ਮੁਹਿ ਫੇਰਿਐ ਮੁਹੁ ਜੂਠਾ ਹੋਇ ॥ ੧ । [ਸਲੋਕ ਮਹਲਾ ੧ ਸਾਰੰਗ ਕੀ ਵਾਰ ਮਹਲਾ ੪

, ਗੁਰ ਬਿਨੁ ਸਮਝ ਨ ਹੋਈ ॥ [ਰਾਮਕਲੀ ਮਹਲਾ ੧

## ਪ੍ਰੇਮ

ਬਿਨੁ ਗੁਰ ਪ੍ਰੇਮੁ ਨ ਪਾਈਐ [ਸਿਰੀ ਰਾਗੁ ਮਹਲਾ ੧
ਬਿਨੁ ਗੁਰ ਪ੍ਰੇਮੁ ਨ ਲਭਈ,
ਜਨ ਵੇਖਹੁ ਮਨਿ ਨਿਰਜਾਸਿ ॥ [ਮਾਰੂ ਮਹਲਾ ੪

## ਪ੍ਰੀਤੀ

ਬਿਨ ਗੁਰ ਪ੍ਰੀਤਿ ਨ ਉਪਜੈ,
ਹਉਮੈ ਮੈਲ ਨ ਜਾਇ ॥ [ਸਿਰੀ ਰਾਗੁ ਅਸਟਪਦੀਆ ਮਹਲਾ ੧

Digitized by Panjab Digital Library | www.panjabdigilib.org

ਬਿਨੁ ਗੁਰ ਪ੍ਰੀਤਿ ਨ ਊਪਜੈ, ਭਾਈ,
ਮਨਮੁਖਿ ਦੂਜੈ ਭਾਇ ॥ [ਸੋਰਠਿ ਮਹਲਾ ੩, ਦੁਤੁਕੇ

## ਪਰਤੀਤ

ਵਿਣੁ ਸਤਿਗੁਰ ਪਰਤੀਤਿ ਨ ਆਵਈ,
ਨਾਮਿ ਨ ਲਾਗੋ ਭਾਉ॥ [ਸਿਰੀ ਰਾਗੁ ਮਹਲਾ ੩ ਅਸਟਪਦੀਆ

## ਭਗਤੀ

ਭਾਈ ਰੇ, ਗੁਰ ਬਿਨੁ ਭਗਤਿ ਨ ਹੋਇ ॥
ਬਿਨੁ ਗੁਰ ਭਗਤਿ ਨ ਪਾਈਐ
ਜੇ ਲੋਚੈ ਸਭੁ ਕੋਇ ॥ ੧ ॥ ਰਹਾਉ ॥ [ਸਿਰੀ ਰਾਗੁ ਮਹਲਾ ੩
ਬਿਨੁ ਗੁਰ ਪੂਰੇ ਭਗਤਿ ਨ ਹੋਇ ॥ ੧ ॥ [ਆਸਾ ਮਹਲਾ ੩
'ਗਿਆਨੀ-ਗੁਰ' ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ
ਜੇ ਲੋਚੈ ਸਭੁ ਕੋਈ ॥ ੧ ॥ ਰਹਾਉ ॥ [ਸੂਹੀ ਮਹਲਾ ੪
ਵਿਣੁ ਪ੍ਰੀਤੀ ਭਗਤਿ ਨ ਹੋਵਈ,
ਵਿਣੁ ਸਤਿਗੁਰ ਨ ਲਗੈ ਪਿਆਰੁ ॥
[ਵਾਰ ਮਲਾਰ ਕੀ ਸਲੋਕ ਮਹਲਾ ੧
ਬਿਨ ਗੁਰ ਪੂਰੇ ਭਗਤਿ ਨ ਹੋਇ ॥
ਮਨਮੁਖ ਰੁੰਨੇ ਅਪਨੀ ਪਤਿ ਖੋਇ ॥ ੧ ॥ [ਆਸਾ ਮਹਲਾ ੩
ਗੁਰ ਕੀ ਮਤਿ ਤੂੰ ਲੇਹਿ ਇਆਨੇ ॥
ਭਗਤਿ ਬਿਨਾ ਬਹੁ ਡੂਬੇ ਸਿਆਨੇ ॥ [ਸੁਖਮਨੀ ਅਸਟਪਦੀ ੧੯
ਗੁਰ 'ਸੇਵਾ' ਬਿਨੁ ਭਗਤਿ ਨ ਹੋਈ ॥ ੬ ॥
[ਪ੍ਰਭਾਤੀ ਅਸਟਪਦੀਆ, ਮਹਲਾ ੧ ਬਿਭਾਸ

Digitized by Panjab Digital Library | www.panjabdigilib.org

ਹੋਰੁ ਕਿਤੈ ਭਗਤਿ ਨ ਹੋਵਈ,
ਬਿਨੁ ਸਤਿਗੁਰ ਕੇ 'ਉਪਦੇਸ' ॥ ੧ ॥ [ਸਿਰੀ ਰਾਗੁ ਮਹਲਾ ੧
ਮਨਮੁਖ ਭਗਤਿ ਕਰਹਿ 'ਬਿਨੁ ਸਤਿਗੁਰ'
ਵਿਣੁ ਸਤਿਗੁਰੁ ਭਗਤਿ ਨ ਹੋਈ ਰਾਮ ॥ [ਰਾਗੁ ਸੂਹੀ ਮਹਲਾ ੩

# ਗਿਆਨ

ਗਿਆਨ ਕਾ ਬਧਾ ਮਨੁ ਰਹੈ,
ਗੁਰ ਬਿਨ ਗਿਆਨੁ ਨ ਹੋਇ ॥ ੫ ॥ [ਆਸਾ ਦੀ ਵਾਰ ਮਹਲਾ ੧
ਮਾਇਆ ਮੋਹੁ ਗੁਬਾਰੁ ਹੈ
ਗੁਰ ਬਿਨੁ ਗਿਆਨੁ ਨ ਹੋਈ ॥ [ਵਡਹੰਸੁ ਮਹਲਾ ੩
ਗੁਰ ਬਿਨੁ ਗਿਆਨੁ ਨ ਪਾਈਐ ॥ [ਸਿਰੀ ਰਾਗੁ ਮਹਲਾ ੧
ਗੁਰ ਤੇ ਗਿਆਨੁ ਪਾਏ ਜਨੁ ਕੋਇ ॥
ਗੁਰ ਤੇ ਬੂਝੈ ਸੀਝੈ ਸੋਇ॥ ੧ ॥ [ਗਉੜੀ ਗੁਆਰੇਰੀ ਮਹਲਾ ੩
,ਬਿਨ ਸਤਿਗੁਰ ਬੂਝ ਨ ਪਾਈ ॥ [ਮਲਾਰ ਕੀ ਵਾਰ, ਮਹਲਾ ੧
ਗੁਰ ਬਿਨੁ ਗਿਆਨ ਨ ਹੋਵਈ,
ਨ ਸੁਖ ਵਸੈ ਮਨਿ ਆਇ ॥
ਨਾਨਕ ਨਾਮ ਵਿਹੂਣੇ ਮਨਮੁਖੀ
ਜਾਸਨਿ ਜਨਮੁ ਗਵਾਇ ॥ [ਸੋਰਠਿ ਕੀ ਵਾਰ ਮਹਲਾ ੪
*ਮਾਈ ਗੁਰ ਬਿਨੁ ਗਿਆਨੁ ਨ ਪਾਈਐ ॥
ਅਨਿਕ ਪ੍ਰਕਾਰ ਫਿਰਤ ਬਿਲਲਾਤੇ,
ਮਿਲਤ ਨਹੀ ਗੋਸਾਈਐ ॥ ੧ ॥ [ਦੇਵਗੰਧਾਰੀ ਮਹਲਾ ੫
*ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥ [ਸਿਰੀ ਰਾਗੁ ਮਹਲਾ੧

---

*ਤਾਂਤੇ ਮਾਈ, ਭਾਈ ਨੂੰ ਨਾਮ ਤੇ 'ਨਾਮ ਜਪਣ ਦੀ ਜੁਗਤੀ' ਲੈਣੀ ਚਾਹੀਦੀ ਹੈ ।

Digitized by Panjab Digital Library | www.panjabdigilib.org

ਬਿਨੁ 'ਗੁਰ ਦੀਖਿਆ' ਕੈਸੇ ਗਿਆਨੁ ॥ ੫ ॥ [ਭੈਰਉ ਮਹਲਾ ੫

ਅਗਿਆਨੀ ਮਤਿ ਹੀਣੁ ਹੈ,
ਗੁਰ ਬਿਨੁ ਗਿਆਨੁ ਨ ਹੋਇ ॥ [ਰਾਮਕਲੀ ਮ: ੧ ਦਖਣੀ ਓਅੰਕਾਰ

ਬਿਨਾ ਸਤਿਗੁਰ ਬੂਝ ਨਾਹੀ,
ਤਮ ਮੋਹ ਮਹਾਂ ਅੰਧਾਰ ॥ ੨ ॥ [ਸਾਰਗ ਮਹਲਾ ੫ ਚਉਪਦੇ ਘਰੁ ੫

# ਮੁਕਤੀ

ਕਹੁ ਨਾਨਕ ਪ੍ਰਭਿ ਇਹੈ ਜਨਾਈ ॥
ਬਿਨੁ ਗੁਰ ਮੁਕਤਿ ਨ ਪਾਈਐ ਭਾਈ ॥੪ ॥ [ਗੋਂਡ ਮਹਲਾ ੫

ਗੁਰਪੂਰੇ ਵਿਣੁ ਮੁਕਤਿ ਨ ਹੋਈ,
'ਸਚੁ ਨਾਮੁ' ਜਪਿ ਲਾਹਾ ਹੇ ॥ ੨ ॥ [ਮਾਰੂ ਮਹਲਾ ੧

ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥੫॥ [ਪ੍ਰਭਾਤੀ ਮਹਲ ੧

ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ?
ਬਿਨੁ ਗੁਰ ਰਾਮ ਨਾਮ ਕਿਉ ਧਿਆਈਐ? [ਮਾਰੂ ਮਹਲਾ ੧

ਬਿਨੁ ਗੁਰ ਮੁਕਤਿ ਨਾਹੀ ਤ੍ਰੈਲੋਈ
ਗੁਰਮੁਖਿ ਪਾਈਐ ਨਾਮੁ ਹਰੀ ॥ ੧ ॥ [ਬਸੰਤ ਹਿੰਡੋਲ ਮਹਲਾ ੧

ਮਨਮੁਖਿ 'ਪੜਹਿ' ਤੇਤਾ ਦੁਖੁ ਲਾਗੈ
ਵਿਣੁ ਸਤਿਗੁਰ ਮੁਕਤਿ ਨ ਹੋਈ ॥੧੬॥ [ਰਾਗੁ ਆਸਾ ਮਹਲਾ ੩

ਕਹੈ ਨਾਨਕੁ, 'ਵੀਚਾਰਿ' ਦੇਖਹੁ,
ਵਿਣੁ ਸਤਿਗੁਰ ਮੁਕਤਿ ਨ ਪਾਏ । ੨੨ ॥
[ਰਾਮਕਲੀ ਮਃ ੩ ਅਨੰਦ

Digitized by Panjab Digital Library | www.panjabdigilib.org

ਬਿਨੁ ਗੁਰ ਮੁਕਤਿ ਨ ਪਾਈਐ,
ਨਾ ਦੁਬਿਧਾ ਮਾਇਆ ਜਾਇ॥ [ਸਿਰੀ ਰਾਗੁ ਮਹਲਾ ੩

ਨਾਨਕ, ਮਨਮੁਖਿ ਬੰਧੁ ਹੈ,
ਗੁਰਮੁਖਿ ਮੁਕਤਿ ਕਰਾਇ ॥ ੪ ॥ ੩ ॥ [ਵਡਹੰਸੁ ਮਹਲਾ ੩
ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥ ੪ ॥

[ਮਲਾਰ, ਮਹਲਾ ੩ ਅ: ਘਰ ੨

ਗੁਰ ਭੇਟਿਆ ਹੈ ਮੁਕਤਿ ਦਾਤਾ ॥
ਹਰਿ ਕੀਈ ਹਮਾਰੀ ਸਫਲ 'ਜਾਤ੍ਰਾ' ॥ [ਬਿਲਾਵਲੁ ਮਹਲਾ ੪
ਗੁਰ ਬਿਨੁ ਘੋਰੁ ਅੰਧਾਰੁ,
ਗੁਰੂ ਬਿਨੁ ਮੁਕਤਿ ਨ ਪਾਵੈ ॥
ਗੁਰ ਪ੍ਰਸਾਦਿ ਪ੍ਰਭੁ ਪਾਈਐ
ਗੁਰ ਬਿਨੁ ਮੁਕਤਿ ਨ ਹੋਇ ॥ [ਸਵਈਏ ਮਹਲੇ ਚਉਥੇ ਕੇ ੪

੧ ੨ ੩
ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ,
ਸਭ ਏਕਾ ਬਾਤ ਪੁਕਾਰੀ ॥
ਬਿਨੁ ਗੁਰ ਮੁਕਤਿ ਨ ਕੋਊ ਪਾਵੈ,
ਮਨਿ ਵੇਖਹੁ ਕਰਿ ਬੀਚਾਰੀ ॥ [ਗੂਜਰੀ ਮਹਲਾ ੫, ਚਉਪਦੇ ਘਰੁ ੨
ਬਿਨੁ ਗੁਰ ਪੂਰੇ ਮੁਕਤਿ ਨ ਪਾਈਐ,
ਸਾਚੀ ਦਰਗਹਿ ਸਾਕਤ ਮੂਠੁ ॥ ੧ ॥ [ਭੈਰਉ ਮਹਲਾ ੫
ਬਿਨੁ ਗੁਰ ਮੁਕਤਿ ਨ ਹੋਈਐ, ਮੀਤਾ ॥ ੩॥

[ਮਾਰੂ ਮਹਲਾ ੫, ਘਰ ੮ ਅੰਜਲੀਆ

ਬਿਨੁ ਗੁਰ ਭੇਟੇ ਮੁਕਤਿ ਨ ਕਾਹੂ
ਮਿਲਤ ਨਹੀ ਜਗਦੀਸੈ ॥ [ਸਾਰਗ ਮਹਲਾ ੫

Digitized by Panjab Digital Library | www.panjabdigilib.org

## ਉਧਾਰ

ਬਿਨੁ ਗੁਰ ਪੂਰੇ ਨਾਹੀ ਉਧਾਰੁ ॥
ਬਾਬਾ ਨਾਨਕੁ ਆਖੈ ਏਹੁ ਬੀਚਾਰੁ ॥ ੨ ॥ [ਰਾਮਕਲੀ ਮਹਲਾ ੫
ਮਤ ਕੋ ਭਰਮਿ ਭੁਲੈ ਸੰਸਾਰਿ ॥
ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥ ੧ ॥ [ਗੋਂਡ ਮਹਲਾ ੫
ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ ॥
[ਦੇਵਗੰਧਾਰੀ ਮਹਲਾ ੫ ਘਰੁ ੬

## ਤਰਨਾ

ਬਿਨੁ ਗੁਰ ਸਾਕਤੁ ਕਹਹੁ ਕੋ ਤਰਿਆ ?॥
ਹਉਮੈ ਕਰਤਾ ਭਵਜਲਿ ਪਰਿਆ ॥੧੧॥ [ਮਾਰੂ ਮਹਲਾ ੧
ਕੋਟਿ ਜਤਨਾ ਕਰਿ ਰਹੇ
ਗੁਰ ਬਿਨੁ ਤਰਿਓ ਨ ਕੋਇ ॥ ੨ ॥ [ਸਿਰੀ ਰਾਗੁ ਮਹਲਾ ੫ ਘਰ ੬
ਕਹੁ ਨਾਨਕ ਗੁਰ ਬਿਨੁ ਨਹੀ ਤਰੀਐ ॥
ਇਹੁ ਪੂਰਨ ਤਤੁ ਬੀਚਾਰਾ ॥ ੪ ॥੯ ॥ [ਸੋਰਠਿ ਮਹਲਾ੫

## ਸਹਜੁ

ਗੁਰ ਬਿਨੁ ਸਹਜੁ ਨ ਊਪਜੈ, ਭਾਈ,
ਪੂਛਹੁ 'ਗਿਆਨੀਆ' ਜਾਇ ॥ ੫ ॥ [ਸੋਰਠਿ ਮਹਲਾ ੩ ਦੁਤੁਕੀ
ਬਾਝੁ ਗੁਰੂ ਕੋ ਸਹਜੁ ਨ ਪਾਏ,
ਗੁਰਮੁਖਿ ਸਹਜਿ ਸਮਾਵਣਿਆ ॥ ੧ ॥ [ਮਾਝ ਮਹਲਾ ੩
ਭਾਈ ਰੇ, ਗੁਰ ਬਿਨੁ ਸਹਜੁ ਨ ਹੋਇ ॥ [ਸਿਰੀ ਰਾਗੁ ਮਹਲਾ ੩

Digitized by Panjab Digital Library | www.panjabdigilib.org

zed by Panjab Digital Library | www.panjabdig

Digitized by Panjab Digital Library | www.panjabdigilib.org

B-1314

Digitized by Panjab Digital Library | www.panjabdigilib.org

Digitized by Panjab Digital Library | www.panjabdigilib.org